# ਤਮਾਕੂ ਕੰਨੂਨ ਦਾ ਪਾਲਣ

# ਤੁਹਾਡੇ ਲਈ ਕੀ ਜਾਣਨਾ ਜ਼ਰੂਰੀ ਹੈ?

"ਤਮਾਕੂ ਤੋਂ ਬਣੀ ਹੋਈ ਚੀਜ਼" ਤੋਂ ਭਾਵ ਹੈ ਉਹ ਚੀਜ਼ਾਂ ਜਿਹਨਾਂ ਵਿਚ ਤਮਾਕੂ ਪੱਤਾ, ਸਿਗਰਟ, ਸਿਗਾਰ, ਪਾਈਪ ਵਾਲਾ ਤਮਾਕੂ, ਨਸਵਾਰ, ਚੱਬਣ ਵਾਲਾ ਤਮਾਕੂ, ਡੋਬ ਕੇ ਖਾਣ ਵਾਲਾ ਤਮਾਕੂ ਅਤੇ ਬੀੜੀਆਂ ਸ਼ਾਮਲ ਹੋਣ।

"ਤਮਾਕੂ ਲਈ ਸਾਜ਼ੋ ਸਮਾਨ" ਦਾ ਅਰਥ ਹੈ ਕੋਈ ਵੀ ਜੰਤਰ ਜਿਸ ਦੀ ਵਰਤੋਂ ਤਮਾਕੂ ਦੀਆਂ ਵਸਤਾਂ ਨੂੰ ਪੀਣ ਜਾਂ ਸਰੀਰ ਅੰਦਰ ਲਿਜਾਣ ਲਈ ਕੀਤੀ ਜਾਵੇ।

## ਤਮਾਕੂ ਤੋਂ ਬਣੀਆਂ ਚੀਜ਼ਾਂ ਦੀ ਵਿਕਰੀ

18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਤਮਾਕੂ ਤੋਂ ਬਣੀਆਂ ਚੀਜ਼ਾਂ ਜਾਂ ਤਮਾਕੂ ਪੀਣ ਲਈ ਵਰਤੀ ਜਾਣ ਵਾਲੀਆਂ ਚੀਜ਼ਾਂ ਵੇਚਣਾ ਜਾਂ ਦੇਣਾ ਗੈਰ-ਕੰਨੂਨੀ ਹੈ। ਕੰਨੂਨ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਨੂੰ $200 ਤੋਂ $1,000 ਤਕ ਜੁਰਮਾਨਾ ਹੋ ਸਕਦਾ ਹੈ। **ਦੰਡ ਸਹਿੰਤਾ 308(a)**

ਤਮਾਕੂ ਤੋਂ ਬਣੀਆਂ ਚੀਜ਼ਾਂ ਦਾ ਵਪਾਰ ਕਰਨ ਵਾਲੇ ਵਿਅਕਤੀਆਂ ਲਈ ਜ਼ਰੂਰੀ ਹੈ ਵਿਕਰੀ ਦੀ ਥਾਂ ਅਤੇ ਚੈਕ-ਆਉਟ ਕਾਉਂਟਰਾਂ ਤੇ 1-800-5ASK-4-ID ਸਮੇਤ ਚੇਤਾਵਨੀ ਦਾ ਬੋਰਡ ਲਗਾਉਣ। **ਦੰਡ ਸਹਿੰਤਾ 308(c)**

20 ਤੋਂ ਘੱਟ ਸਿਗਰਟਾਂ ਵਾਲੇ ਪੈਕਟ ਵੰਡਣਾ ਜਾਂ ਵੇਚਣਾ ਜਾਂ ਖੁਲ੍ਹੇ ਤਮਾਕੂ ਦੇ ਅਜੇਹੇ ਪੈਕਟ ਵੇਚਣਾ ਜਿਸ ਵਿਚ 0.60 ਔਂਸ ਤੋਂ ਘੱਟ ਤਮਾਕੂ ਹੋਵੇ, ਗੈਰ-ਕੰਨੂਨੀ ਹੈ। **ਦੰਡ ਸਹਿੰਤਾ 308.3**

# ਤਮਾਕੂ ਤੋਂ ਬਣੀਆਂ ਚੀਜ਼ਾਂ ਦੀ
# ਮਾਲ ਭਰਾਈ ਅਤੇ ਪਰਦਰਸ਼ਨ

## ਸਟੇਟ ਦਾ ਕੰਨੂਨ

### ਵਪਾਰ ਅਤੇ ਪੇਸ਼ਾ ਕੋਡ 22960(b)

ਤਮਾਕੂ ਤੋਂ ਬਣੀਆਂ ਚੀਜ਼ਾਂ ਦੀ ਪਰਚੂਨ ਵਿਕਰੀ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ 'ਸੈਲਫ-ਸਰਵਿਸ' ਪਰਦਰਸ਼ਨ ਰਾਹੀਂ ਸਿਗਰਟਾਂ ਵੇਚਣਾ, ਵੇਚਣ ਦੀ ਪੇਸ਼ਕਸ਼ ਕਰਨਾ ਜਾਂ ਵੇਚਣ ਲਈ ਸਿਗਰਟਾਂ ਦਾ ਪਰਦਰਸ਼ਨ ਕਰਨਾ ਗੈਰ-ਕੰਨੂਨੀ ਹੈ।

ਇਹ ਸੈਕਸ਼ਨ ਕਿਸੇ ਹੋਰ ਅਜੇਹੇ ਸਥਾਨਕ ਸਟੈਂਡਰਡ ਨੂੰ ਹੱਕ ਸ਼ੁਫਾ ਨਹੀਂ ਕਰਦਾ ਜਾਂ ਉਸ ਨੂੰ ਲਾਗੂ ਕਰਨ ਤੇ ਪਾਬੰਦੀ ਨਹੀਂ ਲਗਾਉਂਦਾ ਜੇ ਇਸ ਸਟੈਂਡਰਡ ਦੁਆਰਾ ਤਮਾਕੂ ਤੋਂ ਬਣੀਆਂ ਚੀਜ਼ਾਂ ਤੇ ਲਗਾਈਆਂ ਗਈਆਂ ਪਾਬੰਦੀਆਂ ਮੌਜੂਦਾ ਸੈਕਸ਼ਨ ਦੀਆਂ ਪਾਬੰਦੀਆਂ ਨਾਲੋਂ ਜ਼ਿਆਦਾ ਸਖਤ ਹਨ।

Add your local information here.
ਆਪਣੀ ਸਥਾਨਕ ਜਾਣਕਾਰੀ ਇੱਥੇ ਦਿਉ।

**Back**